# ਪ੍ਰੈਸ ਨੋਟ

# ਫਾਇਰ ਬ੍ਰਿਗੇਡ ਦਫਤਰ ਦੇ ਨਜਦੀਕ ਬਣ ਰਹੇ ਪਾਰਕਿੰਗ ਪਲੇਸ ਦੇ ਨਿਰਮਾਣ ਦਾ ਕੰਮ ਮੁਕੰਮਲ ...ਤਿਕਸ਼ਨ ਸੂਦ

# ਪਾਰਕਿੰਗ ਪਲੇਸ ਦਾ ਜਲਦੀ ਹੋਵੇਗਾ ਲੋਕਾਅਰਪਨ

ਹੁਸ਼ਿਆਰਪੁਰ 17 ਮਈ ਨਗਰ ਨਿਗਮ ਵੱਲੋਂ ਫਾਇਰ ਬ੍ਰਿਗੇਡ ਦੇ ਦਫ਼ਤਰ ਵਿਖੇ ਬਣ ਰਹੇ ਪਹਿਲੇ ਪਾਰਕਿੰਗ ਪਲੇਸ ਦੀ ਉਸਾਰੀ ਦੇ ਕੰਮ ਦਾ ਮੁੱਖ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਤਿਕਸ਼ਨ ਸੂਦ ਨੇ ਮੌਕੇ ਤੇ ਜਾਇਜਾ ਲਿਆ। ਨਗਰ ਨਿਗਮ ਦੇ ਮੇਅਰ ਸ਼ਿਵ ਸੂਦ, ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਐਸ.ਡੀ.ਓ ਹਰਪ੍ਰੀਤ ਸਿੰਘ, ਕੁਲਦੀਪ ਸਿੰਘ, ਜੇ.ਈ ਅਕਸ਼ੇ ਬਾਂਸਲ, ਗੁਰਪ੍ਰੀਤ, ਕੌਂਸਲਰ ਰਮੇਸ਼ ਠਾਕੁਰ, ਸੁਰੇਸ਼ ਭਾਟੀਆ ਬਿਟੂ, ਸਾਬਕਾ ਕੌਂਸਲਰ ਸੰਜੀਵ ਦੂਆ, ਵਿਜੇ ਪਠਾਨੀਆਂ, ਵਿਨੋਦ ਪਰਮਾਰ, ਵੀ ਇਸ ਮੌਕੇ ਤੇ ਉਹਨਾਂ ਦੇ ਨਾਲ ਸਨ। ਤਿਕਸ਼ਨ ਸੂਦ ਨੇ ਦੱਸਿਆ ਕਿ ਇਹ ਪਾਰਕਿੰਗ 17,600 ਸਕੇਅਰ ਫੁੱਟ ਵਿੱਚ ਬਣਾਈ ਗਈ ਹੈ ਅਤੇ ਇਸ ਦਾ ਕੰਮ ਲਗਭਗ ਮੁਕੰਮਲ ਹੋ ਚੁੱਕਾ ਹੈ। ਪਾਰਕਿੰਗ ਪਲੇਸ ਦੇ ਨਾਲ ਹੀ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਟੂਆਇਲਟ ਬਲਾਕ ਵੀ ਬਣਾਇਆ ਗਿਆ ਹੈ ਅਤੇ ਇਸ ਦੇ ਨਾਲ ਲਗਦੇ ਕਮਰਿਆਂ ਨੂੰ ਠੀਕ ਕਰਕੇ ਗੋਦਾਮਾ ਦੀ ਸ਼ਕਲ ਦਿੱਤੀ ਗਈ ਹੈ ਜਿਸ ਵਿੱਚ ਨਗਰ ਨਿਗਮ ਦਾ ਵਾਧੂ ਸਮਾਨ ਰੱਖਿਆ ਜਾਵੇਗਾ। ਉਨਾਂ ਦੱਸਿਆ ਕਿ ਇਸ ਪਾਰਕਿੰਗ ਪਲੇਸ ਵਿੱਚ 250 ਦੇ ਕਰੀਬ ਗੱਡੀਆਂ ਪਾਰਕ ਕੀਤੀਆਂ ਜਾ ਸਕਣਗੀਆਂ। ਜ਼ਿਸ ਨਾਲ ਸ਼ਹਿਰ ਵਿਚ ਵੱਧ ਰਹੀ ਟ੍ਰੈਫਿਕ ਸਮੱਸਿਆ ਦਾ ਵੀ ਹੱਲ ਹੋਵੇਗਾ।

ਤਿਕਸ਼ਨ ਸੂਦ ਨੇ ਇਸ ਮੌਕੇ ਤੇ ਇਜੀਨੀਅਰਿੰਗ ਬ੍ਰਾਂਚ ਦੇ ਅਧਿਕਾਰੀਆਂ ਨਾਲ ਪਾਰਕਿੰਗ ਦੀ ਉਸਾਰੀ ਸਬੰਧੀ ਵਿਸਥਾਰ ਪੂਰਵਕ ਵਿਚਾਰ ਵਟਾਂਦਰਾ ਕੀਤਾ ਅਤੇ ਨਿਰਮਾਣ ਦੇ ਕੰਮ ਵਿੱਚ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਲੰਬੇ ਸਮੇਂ ਤੋ ਸ਼ਹਿਰ ਵਾਸੀਆਂ ਵਲੋ ਪਾਰਕਿੰਗ ਪਲੇਸ ਬਣਾਉਣ ਦੀ ਮੰਗ ਕੀਤੀ ਜਾ ਰਹੀ ਸੀ। ਉਨਾਂ ਦੀ ਇਹ ਮੰਗ ਪੂਰੀ ਕੀਤੀ ਗਈ ਹੈ। ਉਨਾਂ ਕਿਹਾ ਕਿ ਬਹੁਤ ਜਲਦ ਹੀ ਘੰਟਾਘਰ ਦੇ ਨਜਦੀਕ ਪਬਲਿਕ ਲਾਇਬ੍ਰੇਰੀ ਦੇ ਪਿੱਛਲੇ ਪਾਸੇ ਵੀ ਇਕ ਹੋਰ ਪਾਰਕਿੰਗ ਪਲੇਸ ਬਣਾਇਆ ਜਾਵੇਗਾ। ਉਹਨਾਂ ਦੱਸਿਆ ਕਿ ਬਹੁਤ ਜਲਦ ਹੀ ਪਾਰਕਿੰਗ ਦੇ ਰਹਿੰਦੇ ਕੰਮ ਨੂੰ ਪੂਰਾ ਕਰਕੇ ਇਸ ਨੂੰ ਲੋਕਾਅਰਪਨ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਪਾਰਕਿੰਗ ਪਲੇਸ ਬਣਨ ਨਾਲ ਸ਼ਹਿਰ ਵਿਚ ਸੜਕਾਂ ਤੇ ਗੱਡੀਆ ਦੇ ਖੜੇ ਹੋਣ ਨਾਲ ਟਰੈਫਿਕ ਦੇ ਰੁਕਾਵਟ ਤੋਂ ਸ਼ਹਿਰ ਨਿਵਾਸੀਆਂ ਨੂੰ ਨਿਜਾਤ ਮਿਲੇਗੀ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਕਿਹਾ ਕਿ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਦੀਆਂ ਵਿਕਾਸ ਪੱਖੀ ਨੀਤੀਆਂ ਸਦਕਾ ਹੀ ਨਗਰ ਨਿਗਮ ਹੁਸ਼ਿਆਰੁਪਰ ਨੇ ਕੇਵਲ ਇਕ ਸਾਲ ਵਿਚ ਹੀ ਵਿਕਾਸ ਦੇ ਸਾਰੇ ਪੁਰਾਣੇ ਰਿਕਾਰਡ ਮਾਤ ਕਰ ਦਿੱਤੇ ਹਨ। ਉਹਨਾਂ ਦੱਸਿਆ ਕਿ ਸ਼ਹਿਰ ਦੇ ਸਾਰੇ ਵਾਰਡਾਂ ਵਿਚ ਜੰਗੀ ਪੱਧਰ ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਵਿਕਾਸ ਦੇ ਕੰਮਾਂ ਵਿਚ ਫੰਡਾ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।